# ਗੁਰਦੁਆਰਾ ਸਿੱਖ ਲਹਿਰ ਵਿਖੇ ਤਲਵਾਰਾਂ ਚਲਾਉਂਣ ਵਾਲੇ 'ਸੂਰਬੀਰਾਂ' ਦੀਆਂ ਤਸਵੀਰਾਂ ਦਾ ਸੰਖੇਪ 'ਇਤਿਹਾਸ'?

2 ਅਪ੍ਰੈਲ ਨੂੰ ਗੁਰਦੁਆਰਾ ਸਿੱਖ ਲਹਿਰ ਵਿਖੇ ਹੋਈ ਲੜਾਈ ਸਾਡੀ ਲੜਾਈ ਕੋਈ ਨਿੱਜੀ ਲੜਾਈ ਨਹੀ ਸੀ ਨਾ ਹੈ ਤੇ ਨਾ ਅਸੀਂ ਗੁਰੂ ਦੇ ਦਰ ਤੇ ਨਿੱਜੀ ਲੜਾਈ ਲੜੀਏ ਤੇ ਨਾ ਕਦੇ ਪੰਜਾਬ ਗਾਰਡੀਅਨ ਨੇ ਕਿਸੇ ਦੇ ਨਿੱਜ ਉਪਰ ਲਿਖਿਆ ਹੈ ਨਾ ਹੀ ਸਾਡਾ ਕੋਈ ਮੱਕਸਦ ਹੈ ਕਿ ਮੀਡੀਏ ਦੀਆਂ ਪ੍ਰੰਪਰਾਵਾਂ ਨੂੰ ਤੋੜ ਕੇ ਕਲਮ ਨੂੰ ਗਲਤ ਹਥਿਆਰ ਵਜੋਂ ਵਰਤ ਕੇ ਪੀਲੀ ਪੱਤਰਕਾਰੀ ਦਾ ਸਬੂਤ ਦਿੱਤਾ ਜਾਏ।

ਪਰ ਇਸ ਮੱਕਸਦ ਨਾਲ ਹੁਣ ਜਰੂਰੀ ਹੈ ਕਿ ਘੱਟੋ-ਘੱਟ ਉਨ੍ਹਾ 'ਮਹਾਂਪੁਰਖਾਂ' ਦੇ ਲੁਕਾਈ ਨੂੰ ਦਰਸ਼ਨ ਤਾਂ ਕਰਾਏ ਜਾਣ ਜਿਹੜੇ ਕੇਵਲ ਹੁਣ ਹੀ ਨਹੀ ਪਹਿਲਾਂ ਵੀ ਜੀਹਨਾ ਦਾ 'ਮਾਣ-ਮੱਤਾ' ਲੰਮਾ ਇਤਿਹਾਸ ਹੈ ਗੁਰਦੁਆਰਿਆਂ ਵਿੱਚ ਜਾ ਕੇ ਹੁੱਲੜਬਾਜੀ ਕਰਨ ਦਾ। ਤੇ ਜੀਹਨਾ ਨੂੰ ਹਮੇਸ਼ਾਂ ਜਾਪਦਾ ਰਹਿੰਦਾ ਹੈ ਕਿ ਸਾਡੇ ਮੁਤਾਬਕ ਪੰਥ ਨਾ ਚਲਿਆ ਤਾਂ ਪੰਥ ਖਤਮ ਹੋ ਜਾਏਗਾ। ਇਨ੍ਹਾਂ ਭਰਾਵਾਂ ਦੇ ਟਰੰਟੋ ਵਿੱਚ ਕੀਤੇ ਗਏ ਹੱਲੇ-ਗੁੱਲਿਆਂ ਦੀਆਂ ਇੱਕ ਲੰਮੀ ਲੜੀ ਹੈ ਤੇ ਹਮੇਸ਼ਾਂ ਗੁਰਦੁਆਰਿਆਂ ਵਿੱਚ ਲੜਾਈ ਸਮੇ ਇਹੀ ਕੁਝ ਗਿਣੇ-ਚੁਣੇ 'ਸੂਰਬੀਰ ਜੋਧੇ' ਹੀ ਹੁੰਦੇ ਹਨ ਮਸਲਾ ਭਾਵੇਂ ਗੁਰਦੁਆਰੇ ਦੇ ਕਿਸੇ ਪ੍ਰਧਾਨ ਦੀ ਗੋਲਕ ਚੋਰੀ ਦਾ ਹੀ ਕਿਉਂ ਨਾ ਹੋਵੇ। ਯਾਨੀ ਇਹ 'ਭਲੇ ਪੁਰਸ਼' ਚੋਰਾਂ ਉਪਰ ਵੀ 'ਉਪਕਾਰ' ਕਰਨ ਦਾ 'ਪੰਥਕ ਫਰਜ' ਕਦੇ ਨਹੀ ਭੁਲਾਉਂਦੇ। ਇਨ੍ਹਾਂ ਕਾਰਜਾਂ ਲਈ ਇਨ੍ਹਾਂ ਦੀਆਂ 'ਸਿੰਘਣੀਆਂ' ਵੀ ਮੋਢੇ ਨਾਲ ਮੋਢਾ ਜੋੜ ਕੇ ਤੁਰਦੀਆਂ ਹਨ ਤੇ ਦੱਸਦੀਆਂ ਹਨ ਕਿ ਸਿੱਖਾਂ ਦੀਆਂ ਪੱਗਾਂ ਲਹੁਣ ਅਤੇ ਕ੍ਰਿਪਾਨਾ ਮਾਰਨ ਲਈ ਮਹੌਲ ਕਿਹੋ ਜਿਹਾ ਹੈ। ਇਸ ਦੀ ਮਿਸਾਲ ਅੰਮ੍ਰਿਤ ਸੰਚਾਰ ਦੇ ਮੋਢੀ 'ਜਥੇਦਾਰ' ਅਤੇ ਗੁਰੂ ਕੀ ਬਾਣੀ ਦੀ ਡਿਕਸੀ ਗੁਰੂ ਘਰ ਵਿਖੇ ਸੰਥਿਆ ਕਰਾਉਂਣ ਵਾਲੇ ਭਾਈ ਹਰਦੀਪ ਸਿੰਘ ਦੀ ਪਤਨੀ ਅਤੇ ਉਨ੍ਹਾਂ ਨਾਲ ਦੋ ਹੋਰ ਬੀਬੀਆਂ ਨੇ ਗੁਰਦੁਆਰਾ ਸਿੱਖ ਲਹਿਰ ਵਿਖੇ ਅੰਦਰ ਜਾ ਕੇ ਫੋਨਾਂ ਤੇ ਸਾਰੀ ਜਾਣਕਾਰੀ ਦਿੱਤੀ ਕਿ ਇਥੇ ਕੀ ਹੋ ਰਿਹੈ, ਕਿੰਨੀ ਸੰਗਤ ਹੈ, ਕੀ ਮਹੌਲ ਹੈ। ਜਿਸ ਤੋਂ ਜਾਪਦਾ ਹੈ ਹਮਲਾਵਰ ਭਰਾ ਅਪਣੀਆਂ ਬੀਬੀਆਂ ਨੂੰ ਅਗੇ ਲਾ ਕੇ ਪਹਿਲਾਂ ਜਸੂਸੀ ਕਰਾਉਂਦੇ ਹਨ ਫਿਰ ਗੁਰਦੁਆਰਿਆਂ ਵਿੱਚ ਸਿੱਖਾਂ ਦੀਆਂ ਪੱਗਾਂ ਲਾਹੁੰਦੇ ਹਨ। 'ਧੰਨ ਹਨ ਇਹ ਗੁਰੂ ਕੇ ਸਿੱਖ'!!!

#1- ਇਹ ਹਨ ਗੁਰਸ਼ਰਨਜੀਤ ਸਿੰਘ ਲਾਂਬਾ। ਇਨ੍ਹਾਂ ਦੇ ਹੀ ਲਾਂਬੂ ਲਾਏ ਹੋਏ ਕਾਰਨ ਸਮੁੱਚੀ ਕੌਮ ਝੁਲਸ ਰਹੀ ਹੈ। ਇਨ੍ਹਾ ਹੀ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਅਧੂਰਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਸੀ ਜਦ ਇਨ੍ਹਾ ਕਿਹਾ ਸੀ ਕਿ ਗੁਰੂ ਗਰੰਥ ਸਾਹਿਬ ਸਿੱਖ ਨੂੰ ਕੇਵਲ ਸੰਤ ਬਣਾਉਂਦੇ ਹਨ ਜਦ ਕਿ 'ਦਸਮ ਗਰੰਥ' ਸਿਪਾਹੀ! ਇਨ੍ਹਾਂ ਹੀ ਪ੍ਰੋ ਦੀ ਸੀ.ਡੀ. ਕੱਟ ਵੱਡ ਕੇ 'ਜਥੇਦਾਰ' ਨੂੰ ਭੇਜੀ ਸੀ ਜਿਸ ਕਾਰਨ ਉਨ੍ਹਾਂ ਨੂੰ 'ਛੇਕਿਆ ਗਿਆ ਤੇ ਲੜਾਈ ਦਾ ਮੁੱਢ ਬੱਝਾ। ਉਪਰਲੀ ਤਸਵੀਰ ਵਿੱਚ ਇਸ 'ਮਹਾਂ ਪੰਡਤ' ਯਾਨੀ ਵਿਦਵਾਨ ਨੂੰ ਮਾਲਟਨ ਗੁਰੂ ਘਰ ਦੇ ਦਲਜੀਤ ਸਿੰਘ ਸੇਖੋਂ ਅਤੇ ਪ੍ਰਬੰਧਕਾਂ ਵਲੋਂ ਸਿਰੋਪਿਆਂ ਨਾਲ ਨਿਵਾਜਿਆ ਸੀ ਸ਼ਾਇਦ ਇਸ ਕਰਕੇ ਕਿ ਉਨ੍ਹਾਂ ਨੂੰ ਇਹ ਗੱਲ ਚੰਗੀ ਲਗੀ ਸੀ ਕਿ ਵਾਕਿਆ ਹੀ 'ਦਸਮ ਗਰੰਥ' ਬਿਨਾ ਗੁਰੂ ਗਰੰਥ ਸਾਹਿਬ ਅਧੂਰੇ ਹਨ?

#2-ਇਹ ਹਨ ਮਨਜੀਤ ਸਿੰਘ ਮਾਂਗਟ ਜੀਹਨਾ ਦਾ ਕਸੂਰ ਇਹ ਸੀ ਕਿ ਇਨ੍ਹਾਂ ਮੁਤਾਬਕ ਉਹ ਚਲਦੇ ਕਿਉਂ ਨਹੀ ਤੇ ਹਾਲਤ ਕਹਿਣ ਦੀ ਲੋੜ ਨਹੀ।

#-3-ਇਸ 'ਮਹਾਨ ਸਿਪਾਹੀ' ਦਾ ਨਾਂ ਸਤਬੀਰ ਸਿੰਘ ਸੱਤਾ ਹੈ। ਇਹ ਪਹਿਲਾਂ ਮਾਲਟਨ ਗੁਰੂ ਘਰ ਵਿਖੇ ਬੜੀ 'ਘਾਲਨਾ' ਘਾਲਦੇ ਰਹੇ ਹਨ ਪਰ ਕਿਸੇ ਕਾਰਨ ਜੱਦੀ-ਪੁਸ਼ਤੀ ਠੇਕੇਦਾਰ ਇਨ੍ਹਾਂ ਦੀ 'ਘਾਲਣਾ' ਤੋਂ ਅਵਾਜਾਰ ਹੋ ਗਏ ਤੇ ਉਨ੍ਹਾਂ ਇੱਕ 'ਗੁੱਝੀ ਸਕੀਮ' ਨਾਲ ਘਾਲਣਾ ਤੋਂ ਪਾਸੇ ਕਰ ਦਿੱਤਾ ਪਰ ਪੁਰਾਣਾ ਸੁਆਦ ਪਿਆ ਹੋਣ ਕਾਰਨ ਇਨ੍ਹਾਂ 'ਜੋਤ ਪ੍ਰਕਾਸ਼' ਗੁਰਦੁਆਰਾ ਸ਼ੁਰੂ ਕਰ ਲਿਆ। ਇਹ ਭਾਈ ਸਾਹਬ ਕੁੱਟ-ਮਾਰ ਕਰਨ, ਦੰਗਾ-ਫਸਾਦ ਕਰਨ ਵਿੱਚ ਬੜਾ ਵਿਸਵਾਸ਼ ਰੱਖਦੇ ਹਨ ਮੇਫੀਲਡ ਗੁਰੂ ਘਰ ਵਿੱਚ ਹੋਈ ਲੜਾਈ ਦੌਰਾਨ ਇਹੀ 'ਮਹਾਂਪੁਰਖ' ਸਭ ਤੋਂ ਪਹਿਲਾਂ ਦਲੇਰੀ ਦਿਖਾਈ ਸੀ ਜਿਸ ਕਾਰਨ 20 ਤੋਂ ਉਪਰ ਸਿੱਖਾਂ ਦੀਆਂ ਪੱਗਾਂ ਉਛਲੀਆਂ ਸਨ। ਕਰੀਬਨ ਅਜਿਹੇ 'ਮਹਾਨ ਕਾਰਨਾਮਿਆਂ' ਵਿੱਚ ਮੂਹਰੇ ਹੁੰਦੇ ਹਨ। ਸਿੱਖ ਲਹਿਰ ਵਿਖੇ ਲੜਾਈ ਦੇ ਭਾਂਬੜ ਬਾਲਣ ਵਿੱਚ ਇਨ੍ਹਾਂ ਦਾ ਕਾਫੀ ਰੋਲ ਦੱਸਿਆ ਜਾ ਰਿਹਾ ਹੈ। ਇਨ੍ਹਾਂ ਨੂੰ 'ਸਿੱਜਦਾ' ਕਰਨਾ ਬਣਦਾ ਹੈ।

#4-ਇਹ ਹਨ ਭਾਈ ਗੁਰਜੀਤ ਸਿੰਘ। ਇਹ ਬੜੇ ਜੁਸ਼ੀਲੇ ਅਤੇ 'ਪੰਥ' ਦੇ 'ਖੈਰਖਾਹ' ਹਨ ਜਦ ਵੀ ਕਦੇ ਗੁਰੂ ਘਰਾਂ ਵਿੱਚ ਅਜਿਹਾ ਮੋਰਚਾ ਲੱਗੇ ਇਹ ਵੀ ਮੋਹਰਲੀਆਂ ਕਤਾਰਾਂ ਵਿੱਚ ਹੁੰਦੇ ਹਨ। ਇਸ ਵਾਰੀ ਇਨ੍ਹਾਂ ਬੜੀ 'ਬਹਾਦਰੀ' ਨਾਲ ਮਨਜੀਤ ਸਿੰਘ ਮਾਂਗਟ ਨੂੰ ਕ੍ਰਿਪਾਨਾ ਵਿੱਚ ਪ੍ਰੋਅ ਸੁੱਟਣ ਦੀ ਬਹਾਦਰੀ ਦਿਖਾਈ। ਤੇ ਧੁਰ ਗੁਰਦੁਆਰੇ ਦੇ ਅੰਦਰ ਤੱਕ ਜਾ ਕੇ 'ਕਿਲ੍ਹਾ ਸਰ' ਕਰਨ ਦੀ ਦਲੇਰੀ ਕੀਤੀ। ਮੂੰਹੋਂ ਅਜਿਹੇ 'ਸ਼ੁਭ' ਬੱਚਨ ਇਹ ਉਚਾਰ ਰਹੇ ਸਨ ਕਿ ਸਿਰ ਝੁਕਦਾ ਸੀ ਇਨ੍ਹਾਂ ਦੇ ਬਾਣੇ ਵਲ ਵੇਖ!!

#5- ਇਨ੍ਹਾਂ ਭਾਈ ਸਾਹਿਬ ਦਾ ਨਾਮ ਹੈ ਸ੍ਰ ਟਹਿਲ ਸਿੰਘ। ਗੁਰਦੁਆਰਾ ਸਿੱਖ ਲਹਿਰ ਵਿਖੇ ਵਾਪਰੀ ਘਟਨਾ ਵੇਲੇ ਇਹ ਮੂਹਰਲੀਆਂ ਕਤਾਰਾਂ ਦੇ 'ਜਰਨੈਲਾਂ' ਵਿੱਚੋਂ ਸਨ ਅਤੇ ਮਾਂਗਟ ਨੂੰ ਢਾਈ ਖੜੇ ਹਜੂਮ ਨੂੰ ਹੱਲਾ-ਸ਼ੇਰੀ ਦੇ ਰਹੇ ਸਨ ਕਿ 'ਛੱਡਿਓ ਨਾ, ਇਹੀ ਪੁਵਾੜੇ ਦੀ ਜੜ ਹੈ, ਮਾਰ ਦਿਓ, ਠੋਕ ਦਿਓ' ਆਦਿ।ਇਹ ਤੁਹਾਨੂੰ ਕਿਸੇ ਵੀ ਸਮਾਗਮ, ਪੁਰਬ ਜਾਂ ਸ਼ਾਤੀ ਮੌਕੇ ਗੁਰਦੁਆਰਾ ਸਾਹਿਬ ਦਰਸ਼ਨ ਨਹੀ ਦੇਣਗੇ। ਇਨ੍ਹਾਂ ਦੇ ਦਰਸ਼ਨਾ ਲਈ ਤੁਹਾਨੂੰ ਕਿਸੇ ਗੁਰੂ ਘਰ ਵਿਖੇ ਲੜਾਈ ਛੇੜਨੀ ਪਵੇਗੀ ਫਿਰ ਤੁਸੀਂ ਇਨ੍ਹਾਂ ਨੂੰ ਮੂਹਰਲੀ ਕਤਾਰ ਦੇ 'ਜਰਨੈਲਾਂ' ਵਿਚ ਪਾਉਂਗੇ। ਇਨ੍ਹਾਂ ਮੁਤਾਬਕ ਗੁਰਦੁਆਰਿਆਂ ਤੇ ਚਾਹੇ ਬੁਲਡੋਜ਼ਰ ਫੇਰ ਦਿਓ ਇਨ੍ਹਾਂ ਨੂੰ ਕੋਈ ਪ੍ਰਵਾਹ ਨਹੀ। ਇਸ ਗੱਲ ਦੇ 5 ਬੰਦੇ ਗਵਾਹ ਹਨ ਜਿਹੜੇ ਗੋਲਕ ਚੋਰੀ ਵੇਲੇ ਇਨ੍ਹਾਂ ਦੇ ਘਰ ਗਏ ਸਨ।

#6- ਇਹਨਾਂ 'ਮਹਾਂਪੁਰਖਾਂ' ਦਾ ਨਾਂ ਹੈ ਦਲਜੀਤ ਸਿੰਘ ਸੇਖੋਂ। ਇਹ ਉਹੀ 'ਭਲੇ ਪੁਰਸ਼' ਹਨ ਜੋ ਹਾਲੇ ਹੁਣੇ 40 ਮੁਕਤਿਆਂ ਦੀ ਯਾਦ ਵਿੱਚ 40 ਦਿਨ ਸਿਮਰਨ ਦੀ ਝੜੀ ਲਾ ਕੇ ਹਟੇ ਹਨ ਪਰ ਜੀਹਨਾ ਇਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੇ ਬਾਹਰ 'ਖਾਲਸੇ' ਦੀ ਅਗਵਾਈ ਕਰਦੇ, ਲਲਕਾਰੇ ਮਾਰਦੇ ਗਾਹਲਾਂ ਕੱਢਦਿਆਂ ਸੁਣਿਆਂ ਤੱਕਿਆ ਉਹ ਹੈਰਾਨ ਹਨ ਕਿ ਸਿਮਰਨ ਵਾਲਿਆਂ ਦਾ ਜੇ ਇਹ ਹਾਲ ਤਾਂ.....ਉਂਝ ਵੀ ਇਨ੍ਹਾਂ ਭਾਈ ਸਾਹਬ ਦਾ 25 ਸਾਲ ਤੋਂ ਗੁਰਦੁਆਰਾ ਮਾਲਟਨ ਵਿਖੇ ਜੱਦੀ-ਪੁਸ਼ਤੀ ਅਧਿਕਾਰ ਰਿਹਾ ਹੈ ਪਹਿਲਾਂ ਇਨ੍ਹਾਂ ਦੇ ਵੱਡੇ ਭਾਈ ਸਾਹਬ ਤੇ ਹੁਣ ਇਹ। ਇਹ ਉਹੀ 'ਜੋਧੇ' ਹਨ ਜੋ ਤੱਤੇ ਸਮਿਆਂ ਵਿੱਚ ਗੁਰਦੁਆਰੇ ਦਾ ਹਿਸਾਬ ਮੰਗਣ ਆਏ ਨੂੰ ਪਾਕਿਸਤਾਨ ਦੀ ਕਿਸੇ ਨਹਿਰ ਤੇ ਆਉਂਣ ਦਾ ਸੱਦਾ ਪੱਤਰ ਬੜੇ ਪਿਆਰ ਮੁਹੱਬਤ ਨਾਲ ਦਿੰਦੇ ਹੁੰਦੇ ਸਨ। ਹਮਲੇ ਵੇਲੇ ਇਨ੍ਹਾਂ ਦਾ ਮੂੰਹ ਬੰਨਿਆਂ ਹੋਇਆ ਸੀ ਸ਼ਾਇਦ ਇਸ ਕਰਕੇ ਕਿ ਸਿਮਰਨ ਕਰਨ ਵਾਲੇ ਬੀਬੇ ਚਿਹਰੇ ਨੂੰ ਕੋਈ ਪਛਾਣ ਨਾ ਲਵੇ। ਉਂਝ ਹੋਰ ਕਿਸੇ ਪਤਾ ਨਹੀ ਪਛਾਣਿਆਂ ਕਿ ਨਹੀ ਪਰ ਪੁਲਿਸ ਦੇ ਕੁੱਤੇ ਨੇ ਪਛਾਣ ਲਿਆ ਅਤੇ ਦੌੜੇ ਜਾਂਦਿਆਂ ਦੇ ਹੀ 'ਹੱਥ ਮਿਲਾ' ਕੇ ਹਾਲ-ਚਾਲ ਪੁੱਛ ਲਿਆ!! ਗਲਿੰਡਨ ਗੁਰਦੁਆਰਾ ਸਾਹਿਬ ਦੀ ਚੋਰੀ ਮਾਮਲੇ ਵਿੱਚ ਵੀ ਇਨ੍ਹਾਂ 'ਭਜਨੀਕ ਪੁਰਸ਼ਾਂ' ਬੜਾ ਵੱਧ ਚੜ ਕੇ ਚੋਰ ਨੂੰ ਬਚਾਉਂਣ ਖਾਤਰ ਜੋਗਦਾਨ ਪਾਇਆ!! ਸੋ ਇਨ੍ਹਾਂ ਦੀ ਕਮਾਈ ਨੂੰ ਧੰਨ ਹੀ ਕਹਿਣਾ ਬਣਦਾ ਹੈ...?

#7- ਇਹ 'ਭਾਈ ਸਾਹਬ' ਬੜੇ 'ਬੀਬੇ' ਹਨ। ਕਰੀਬਨ ਹਰੇਕ ਚੜ੍ਹਾਈ ਵੇਲੇ ਅਰਦਾਸ ਕਰਨ ਦੀ ਸੇਵਾ ਇਨ੍ਹਾਂ ਦੀ ਹੀ ਹੈ ਚਾਹੇ ਚੜ੍ਹਾਈ ਕਿਸੇ ਗੁਰਦੁਆਰੇ ਤੇ ਹੀ ਕਿਉਂ ਨਾ ਕਰਨੀ ਹੋਵੇ। ਸਿੱਖ ਲਹਿਰ ਉਪਰ ਚੜ੍ਹਾਈ ਵੇਲੇ ਵੀ ਦੱਸਿਆ ਜਾਂਦਾ ਹੈ ਕਿ ਗਲਿਡਨ ਗੁਰੂ ਘਰ ਲੜਾਈ ਕਰਨ ਤੁਰਨ ਲੱਗਿਆਂ ਇਨ੍ਹਾਂ ਹੀ 'ਮਹਾਂਪੁਰਖਾਂ' ਅਰਦਾਸ ਕੀਤੀ ਸੀ ਕਿ 'ਸੱਚੇ ਪਾਤਸ਼ਾਹ ਅਸੀਂ ਅਪਣੇ ਹੀ ਭਰਾਵਾਂ ਦੀਆਂ ਪੱਗਾਂ ਲਾਹੁਣ ਤੇ ਕ੍ਰਿਪਾਨਾ ਮਾਰਨ ਚਲੇ ਹਾਂ ਸਾਨੂੰ ਬਲ ਬਖਸ਼ਣਾ..? ਉਝੰ ਪਿੱਛੇ ਪੰਜਾਬ ਵਿੱਚ ਵੀ ਇਨ੍ਹਾ ਬੜੀਆਂ ਘਾਲਣਾ ਘਾਲੀਆਂ ਹਨ ਪਰ ਉਹ ਸਾਡਾ ਵਿਸ਼ਾ ਨਹੀ। ਇਹ ਲੜਾਈ ਵੇਲੇ ਬਿਲੱਕੁਲ ਫਰੰਟ ਦੇ ਮੋਰਚੇ ਤੇ ਦੇਖੇ ਗਏ ਸਨ ਅਤੇ ਜਿਸ ਮਨਜੀਤ ਸਿੰਘ ਮਾਂਗਟ ਨੂੰ ਇਨ੍ਹਾਂ ਹੱਥੀਂ ਅੰਮ੍ਰਿਤ ਦੇ ਚੁਲੇ ਦਿੱਤੇ ਸਨ ਤੇ ਕੇਸਾਂ ਵਿੱਚ ਅੰਮ੍ਰਿਤ ਦੇ ਛੱਟੇ ਮਾਰੇ ਸਨ ਉਸੇ ਦੀ ਲੱਥੀ ਪੱਗ ਦੇ ਖਿਲਰੇ ਕੇਸਾਂ ਨੂੰ ਦੇਖ ਬਜਾਇ ਕੋਈ ਗੁਰੂ ਦਾ ਭੈਅ ਆਉਂਦਾ ਸਗੋਂ ਉਸ ਨੂੰ ਡਿੱਗੇ ਹੋਏ ਨੂੰ ਹੋਰ ਠੁੱਡੇ ਮਾਰ ਰਹੇ ਸਨ। ਇਨਾਂ ਦੀ ਹੀ 'ਸਿੰਘਣੀ' ਪਹਿਲਾਂ ਹੀ ਅੰਦਰ ਜਾ ਕੇ ਬਾਹਰ ਵਾਲਿਆਂ ਨੂੰ ਦੱਸਣ ਦੀ 'ਸੇਵਾ' ਕਰ ਰਹੀ ਸੀ ਅੰਦਰਲਿਆਂ ਨੂੰ ਛਿੱਤਰ ਫੇਰਨ ਦਾ ਚੰਗਾ ਮੌਕਾ ਕਿਹੜਾ ਹੈ।

#8-ਇਸ 'ਸੂਰਬੀਰ' ਦਾ ਨਾਂ ਬਰਜਿੰਦਰ ਸਿੰਘ ਬਦੇਸ਼ਾ ਹੈ। ਪਿੱਛਲੇ ਸਮੇ ਵਿੱਚ ਇਹ ਕਾਫੀ ਸੁਰਖੀਆਂ ਵਿੱਚ ਰਹੇ ਸਨ ਕਿ ਇਨ੍ਹੀ ਸਿੱਖ ਕੌਮ ਦੇ ਹੈਲਮੈੱਟ ਦੀ ਬਜਾਇ ਦਸਤਾਰ ਮਸਲੇ ਨੂੰ ਅਗੇ ਲਿਆਂਦਾ ਸੀ। ਪਰ ਦੁਨੀਆਂ ਨੇ ਦੇਖਿਆ ਕਿ ਦਸਤਾਰ ਦੇ ਹੱਕ ਮੰਗਣ ਵਾਲੇ ਇਹ ਭਰਾ ਜੀ ਖੁਦ ਦਸਤਾਰ ਨੂੰ ਪੈਰਾਂ ਹੇਠ ਰੋਲਣ ਵਿੱਚ ਮੂਹਰੇ ਸਨ ਯਾਨੀ ਸਿੱਖ ਲਹਿਰ ਵਿਖੇ ਲੱਥੀਆਂ ਦਸਤਾਰਾਂ ਵੇਲੇ ਇਹ ਵੀ ਬੜੇ ਜੋਸ਼-ਖਰੋਸ਼ ਨਾਲ 'ਫੌਜ' ਦੀ ਅਗਵਾਈ ਕਰ ਰਹੇ ਸਨ। ਕੀ ਕੌਮ ਨੂੰ ਇਨ੍ਹਾਂ ਦਾ 'ਧੰਨਵਾਦ' ਨਹੀ ਕਰਨਾ ਬਣਦਾ..?

#9-ਜਸਵਿੰਦਰ ਸਿੰਘ ਢੱਡਾ-ਇਹ ਵੀ ਮੂਹਰਲੀਆਂ ਕਤਾਰਾਂ ਦੇ 'ਜਰਨੈਲਾਂ' ਵਿੱਚੋ ਹਨ। ਇਨ੍ਹਾਂ ਚਾਰ ਜਣਿਆਂ ਨੂੰ ਕੁਝ ਦਿਨ ਪਹਿਲਾਂ ਹੀ 'ਸੱਚਾ ਸੌਦਾ' ਤੋਂ ਕ੍ਰਿਪਾਨਾ ਖਰੀਦਿਆਂ ਹਰਜਿੰਦਰ ਸਿੰਘ ਨੇ ਖੁਦ ਦੇਖਿਆ ਜਿਹੜੀਆਂ ਇਨ੍ਹਾ ਗੁਰਦੁਆਰਾ ਸਿੱਖ ਲਹਿਰ ਵਿਖੇ ਅਪਣਿਆਂ ਦੇ ਹੀ ਢਿੱਡ ਪਾੜਨ ਖਾਤਰ ਵਰਤੀਆਂ

#10-ਇਹ 'ਵਿਦਵਾਨ' ਹਨ। ਸੂਰ ਸਾਗਰ ਤੇ ਇਨ੍ਹਾਂ ਦੇ ਦਰਸ਼ਨ ਲੋਕਾਂ ਕੀਤੇ ਹੋਣਗੇ। ਇਨ੍ਹਾਂ ਦਾ 'ਪਵਿੱਤਰ' ਨਾਮ ਜਰਮਨਜੀਤ ਸਿੰਘ ਹੈ। ਅਖੰਡ ਕੀਰਤਨੀ ਜਥੇ ਨਾਲ ਸਬੰਧਤ ਹਨ। ਤੱਪੋਬਨ ਗੁਰਦੁਆਰਾ ਸਾਹਿਬ ਵੀ ਇਹ 'ਤੱਪ' ਕਰਦੇ ਹਨ ਕਿਉਂਕਿ ਉਥੋਂ ਦੇ ਕਰਤਿਆਂ-ਧਰਤਿਆਂ ਵਿੱਚੋਂ ਹਨ। ਇਹ ਵੀ ਇਸ ਜੰਗ ਨੂੰ ਜਿੱਤਣ ਖਾਤਰ ਬੜੇ ਜੋਸ਼ੀਲੇ ਅੰਦਾਜ ਵਿੱਚ ਨਜਰ ਆ ਰਹੇ ਸਨ।

#11-ਇਨ੍ਹਾਂ ਦਾ ਨਾਮ ਅਵਤਾਰ ਸਿੰਘ ਕੂਨਰ ਹੈ। ਇਹ ਵਾਕਿਆ ਹੀ ਕੱਲਯੁਗ ਦੇ 'ਅਵਤਾਰ' ਹਨ।ਟਰੰਟੋ ਦੀ ਧਰਤੀ ਦੀ ਪੁਕਾਰ ਸੁਣਕੇ ਇਹ ਵਿਚਾਰੇ 400 ਕਿਲੋ ਮੀਟਰ ਦੂਰੋਂ ਯਾਨੀ ਵਿੰਡਜ਼ਰ ਤੋਂ ਭਾਰ ਹੌਲਾ ਕਰਨ ਲਈ ਸਮੇਤ ਸਾਥੀਆਂ ਵੈਨ ਭਰਕੇ ਆਏ। ਸਿੱਖ ਲਹਿਰ ਦੇ 'ਨਾਸਤਿਕਾਂ' ਕਰਕੇ ਕਿਤੇ ਧਰਤੀ ਡੋਲ ਨਾ ਜਾਏ, ਇਨ੍ਹਾ ਬੜੀ ਫੁਰਤੀ ਨਾਲ ਪਹਿਲਾਂ ਪਿੱਛਲੇ ਦਰਵਾਜਿਓਂ ਹੱਲਾ ਬੋਲਿਆ ਅਤੇ ਉਥੇ ਖੜੋਤੇ ਸਿੰਘਾਂ ਦੇ ਗਲ ਪੈਂਦਿਆਂ ਕਿਹਾ ਕਿ ਕਿਥੇ ਹੈ ਦਰਸ਼ਨ ਲਾਲ ਅੱਜ ਮੈਂ ਉਸ ਦੇ ਗੋਲੀਆਂ ਮਾਰ ਕੇ ਜਾਣਾ ਹੈ। ਇਸ ਗੋਲਾਬਾਰੀ ਦੀ ਮੂਵੀ ਬਣਾ ਰਹੇ ਇੱਕ ਸਿੰਘ ਦਾ ਅਮਰਜੀਤ ਸਿੰਘ ਮਾਨ ਹੋਰਾਂ ਦੇ ਜਵਾਈ ਨੇ ਕੈਮਰਾ ਖੋਹ ਕੇ ਵਿੱਚੋ ਚਿੱਪ ਕੱਢ ਲਈ ਨਹੀ ਤਾਂ ਲੁਕਾਈ ਨੇ ਦੇਖ ਸਕਣਾ ਸੀ ਕਿ ਇਹ 'ਸਿੰਘ ਸੂਰੇ' ਕਿਵੇਂ ਗੋਲਾਬਾਰੀ ਨਾਲ ਅਪਣੇ ਨੂੰ ਡਰਾਉਂਦੇ ਹਨ। ਇਸ ਤੋਂ ਉਪਰੰਤ ਛੇਤੀ ਹੀ ਇਨ੍ਹਾਂ ਦੇ ਮਾਲਟਨ ਦੇ ਲੀਡਰ ਨੇ ਦੱਸਿਆ ਕਿ 'ਰਾਖਸ਼' ਤਾਂ ਅਗਲੀ ਡੋਰ ਤੇ ਢਾਏ ਹੋਏ ਹਨ। ਸੋ ਇਹ ਵਿਚਾਰੇ ਉਧਰ ਨੂੰ ਦੌੜੇ ਤੇ ਧਰਤੀ ਦਾ ਭਾਰ ਹੌਲਾ ਕਰਨ ਲਈ ਜੋਗਦਾਨ ਪਾਉਂਣ ਤੋਂ ਬਾਅਦ ਲਹੂ-ਲਹਾਨ ਹੋਏ ਮਾਂਗਟ ਵਲ ਵੇਖ ਭੰਗੜੇ ਪਾਉਂਣ ਲੱਗੇ। ਲੋਕ ਹੈਰਾਨ ਸਨ ਕਿ ਭੰਗੜਿਆਂ ਵਾਲੇ ਤਾਂ ਹਾਲੇ ਗਰਮੀਆਂ 'ਚ ਆਉਂਣੇ ਇਹ ਪਹਿਲਾਂ ਹੀ.....

#12-ਇਨ੍ਹਾਂ ਦਾ ਨਾਂ ਜਸਦੇਵ ਸਿੰਘ ਹੈ। ਇਹ ਰੀਅਲ-ਸਟੇਟ ਦਾ ਕੰਮ ਕਰਦੇ ਹਨ। ਮਾਲਟਨ ਗੁਰਦੁਆਰੇ ਨਾਲ ਸਬੰਧਤ ਹਨ। ਇਨ੍ਹਾਂ ਦੇ ਸਿਰ ਉਪਰ ਬੱਧੀ ਦਸਤਾਰ ਇਨਾਂ ਦੀ ਅਪਣੀ ਨਹੀ ਹੈ ਬਲਕਿ ਉਸ ਇੱਕ ਸਿੱਖ ਦੀ ਹੈ ਜਿਸ ਨੂੰ ਇਨ੍ਹਾਂ 5-7 ਜਣਿਆਂ ਇਕੱਠਿਆਂ ਹੀ ਢਾਹ ਕੇ ਚੰਗਾ ਘਸੁੰਨ ਮੁੱਕੀ ਕੀਤਾ ਅਤੇ ਠੁੱਡਾ ਫੇਰਿਆ। ਇਸੇ ਘਸੁੰਨ ਮੁੱਕੀ ਵਿੱਚ ਅਪਣੀ ਦਸਤਾਰ ਗੁਵਾ ਬੈਠੇ ਤੇ ਉਸ ਢਾਏ ਹੋਏ ਗਰੀਬ ਦੀ ਪੱਗ ਲੈ ਕੇ ਤੁਰਦੇ ਬਣੇ। ਇਹ ਹਨ ਇਨ੍ਹਾਂ 'ਗੁਰਸਿੱਖਾਂ' ਦੀਆਂ ਖੂਬੀਆਂ!!!

#13-ਇਹ ਹਨ 'ਗੁਰੂ ਕੀਆਂ ਸਿੰਘਣੀਆਂ' ਜੀਹਨਾਂ ਵਿੱਚ ਸਾਹਮਣੇ ਵਾਲੀ ਭਾਈ ਹਰਦੀਪ ਸਿੰਘ ਦੀ ਪਤਨੀ ਹੈ ਜੀਨ੍ਹਾਂ ਅੰਦਰ ਜਾ ਕੇ ਫੋਨਾ ਰਾਹੀਂ ਸਾਰੀ ਜਾਣਕਾਰੀ ਦਿੱਤੀ ਅਤੇ ਹੁੱਲੜਬਾਜੀ ਲਈ ਰਾਹ ਪੱਧਰਾ ਕੀਤਾ।

# 14-ਇਨ੍ਹਾਂ ਭਾਈ ਸਾਹਬ ਦਾ ਨਾਂ ਅਮਰਜੀਤ ਸਿੰਘ ਮਾਨ ਹੈ। ਬੜੇ ਚਿਰਾਂ ਤੋਂ 'ਪੰਥ ਦੀ ਸੇਵਾ' ਕਰ ਰਹੇ ਹਨ। ਜਿਥੇ ਵੀ ਗੁਰਦੁਆਰੇ ਵਿੱਚ ਲੜਾਈ ਹੋਵੇ ਇਹ ਬੜੀ ਸੂਰਮਗਤੀ ਨਾਲ 'ਪੰਥ' ਦੀ ਅਗਵਾਈ ਕਰਦੇ ਹਨ। ਖਾਲਿਸਤਾਨ ਬਣਾਉਂਣ ਤੋਂ ਬਾਅਦ ਹੁਣ ਇਹ ਗੁਰਦੁਆਰਿਆਂ ਨੂੰ ਮੈਦਾਨੇ-ਜੰਗ ਬਣਾਉਣ ਵਿੱਚ ਪੂਰੀ ਤਨਦੇਹੀ ਨਾਲ ਲੱਗੇ ਹੋਏ ਹਨ। ਭਰੋਸੇਜੋਗ ਸੂਤਰਾਂ ਮੁਤਾਬਕ ਸਿੱਖ ਲਹਿਰ ਉਪਰ 'ਖਾਲਸਾ ਫੌਜ' ਦੀ ਚੜਾਈ ਤੋਂ ਪਹਿਲਾਂ ਇਨ੍ਹਾਂ ਬਕਾਇਦਾ ਹੱਥ ਖੜੇ ਕਰਾ ਕੇ ਐਲਾਨ ਕੀਤਾ ਸੀ ਕਿ ਉਹੀ ਸੂਰਮਾ ਅਗੇ ਆਵੇ ਜਿਸ ਲੜਨਾ ਹੈ ਨਹੀ ਤਾਂ ਉਹ ਹੁਣੇ ਵਾਪਸ ਜਾ ਸਕਦਾ ਹੈ। ਫੜ ਲੌ,, ਚੱਕ ਦਿਓ, ਮਾਰ ਦਿਓ ਵਾਲੇ ਲਲਕਾਰਿਆਂ ਵਿੱਚ ਇਹ ਭਾਈ ਜੀ ਵੀ ਮੋਹਰੀ ਸਨ। ਯਾਦ ਰਹੇ ਕਿ ਗੁਰਦੁਆਰਾ ਸਿੱਖ ਲਹਿਰ ਦੇ ਉਦਘਾਟਨ ਤੋਂ ਇੱਕ ਹਫਤਾ ਪਹਿਲਾਂ ਇਹ ਭਾਈ ਜੀ ਹੁਰੀਂ ਰੇਡੀਓ ਖ਼ਬਰਸਾਰ ਉਪਰ 'ਪੰਥ' ਨੂੰ ਸੁਨੇਹਾ ਦਿੰਦੇ ਸੁਣੇ ਸਨ ਕਿ ਕੋਈ ਇਸ ਗੁਰਦੁਆਰੇ ਨਾ ਜਾਵੇ। ਗੁਰੂ ਘਰ ਆਉਂਣ ਦੀ ਪ੍ਰੇਰਨਾ ਦਿੰਦਿਆਂ ਤਾਂ ਸੁਣਿਆਂ ਹੈ ਪਰ...ਹੁਣ ਦੱਸੋ ਪੰਥ ਨੂੰ ਕੋਈ ਖਤਰਾ ਹੋ ਸਕਦਾ ਅਜਿਹੇ 'ਜਰਨੈਲਾਂ' ਦੇ ਹੁੰਦਿਆਂ...?

#15-ਇਨ੍ਹਾਂ ਦਾ ਨਾਂ ਜਸਬੀਰ ਸਿੰਘ ਗਿੱਲ ਹੈ ਇਹ ਮਾਲਟਨ ਗੁਰਦੁਆਰਾ ਸਾਹਬ ਦੇ ਬੁਲਾਰੇ ਹਨ। ਇਹ ਲੜਾਈ ਤੋਂ ਅਗਲੇ ਦਿਨਾ ਵਿੱਚ ਇੱਕ ਰੇਡੀਓ ਤੇ ਬੜੇ ਫ਼ਖਰ ਨਾਲ ਦੱਸ ਰਹੇ ਸਨ ਕਿ ਮਾਂਗਟ ਨੂੰ ਧੂਹ ਕੇ ਬਾਹਰ ਕੱਢਿਆ। ਇਨ੍ਹਾਂ ਦਾ ਫਰਜੰਦ ਜਸਦੀਪ ਸਿੰਘ ਗਿੱਲ ਵੀ ਇਸ 'ਪੰਥਕ ਸੇਵਾ' ਵਿੱਚ ਇਨ੍ਹਾਂ ਦੇ ਮੋਢੇ ਨਾਲ ਮੋਢਾ ਜੋੜੀ ਹੱਥ ਵਿੱਚ ਦੋ ਕਿੱਲੋ ਦਾ ਕੜਾ ਫੜੀ ਧੁਰ ਅੰਦਰ ਤੱਕ ਸੁੰਘਦਾ ਫਿਰਦਾ ਸੀ ਕਿ ਕੋਈ 'ਰਾਖਸ਼' ਮਿਲੇ ਤਾਂ ਸਿਰ ਪਾੜਾਂ।

#16-ਇਸ ਪਿਕਚਰ ਵਿੱਚ ਨਿਸ਼ਾਨ ਵਾਲੇ ਬਾਈ ਜੀ ਦਾ 'ਰੌਸ਼ਨ ਨਾਮ' ਸ੍ਰ ਭਗਤ ਸਿੰਘ ਹੈ। ਇਹ ਭਾਈ ਲਖਬੀਰ ਸਿੰਘ ਰੋਡੇ ਦੇ ਬੇਟੇ ਹਨ। ਇਨ੍ਹਾ ਦੇ ਚਾਚਾ ਜੀ ਭਾਈ ਜਸਬੀਰ ਸਿੰਘ ਰੋਡੇ। ਜਿਹਨਾਂ ਦਿੱਲੀ ਨਾਲ ਰਲਕੇ ਸਿੱਖ ਸੰਘਰਸ਼ ਦੀਆਂ ਬੇੜੀਆਂ ਵਿੱਚ ਵੱਟੇ ਕਿਵੇਂ ਪਾਏ, ਇਸ ਦਾ ਖੁਲਾਸਾ ਭਾਈ ਹਰਦੀਪ ਸਿੰਘ ਡਿੱਬਡਿਬਾ ਦੀ ਕਿਤਾਬ, "ਜੂਨ 84 ਤੋਂ ਬਾਅਦ" ਦੇਖੀ ਜਾ ਸਕਦੀ ਹੈ। ਭਾਈ ਡਿੱਬਡਿਬਾ ਜਸਬੀਰ ਸਿੰਘ ਦੀ ਜਥੇਦਾਰੀ ਵੇਲੇ ਉਨ੍ਹਾਂ ਦੇ ਪੀ.ਏ. ਸਨ। ਇਹ ਭਾਈ ਇਥੇ ਕ੍ਰਿਪਾਨਾ ਚਲਾ ਕੇ 'ਪੰਥ ਦੀ ਸੇਵਾ' ਕਰ ਰਹੇ ਹਨ। ਇਨ੍ਹਾਂ ਸਾਰਿਆਂ ਭਾਈਆਂ ਪੰਥ ਦੀ ਬੜੀ ਸੇਵਾ ਕੀਤੀ, ਇਸ ਦਾ ਇਤਿਹਾਸ ਹੁਣ ਜਾਨਣਾ ਜਰੂਰੀ ਹੈ ਤਾਂ ਕਿ....

#17-ਇਹਨਾਂ ਦਾ ਨਾਮ ਭਾਈ ਜਸਪ੍ਰੀਤ ਸਿੰਘ ਹੈ। ਇਨ੍ਹਾਂ ਵੀ ਇਸ 'ਜੰਗ' ਵਿੱਚ ਬਹੁਤ 'ਜੱਸ ਖੱਟਿਆ' ਹੈ। ਇਹ ਅੰਖਡਕੀਰਤੀਨੇ ਜਥੇ ਦੇ ਹਨ ਅਤੇ ਤੱਪੋਬਨ ਵਿੱਚ ਤੱਪ ਕਰਦੇ ਹਨ! ਇਹ ਬਹੁਤ ਹੀ 'ਪੂਰਨ ਗੁਰਸਿੱਖ' ਹਨ ਇੰਨੇ ਜਿਆਦਾ ਕਿ ਅੰਮ੍ਰਿਤਧਾਰੀ ਅਪਣੀ ਜਨਣੀ ਮਾਂ ਦੇ ਹੱਥੋਂ ਵੀ ਪ੍ਰਸ਼ਾਦਾ ਨਹੀ ਛੱਕਦੇ। ਸਿੱਖ ਲਹਿਰ ਉਪਰ ਹੋਏ ਹਮਲੇ ਵਿੱਚ ਇਨ੍ਹਾਂ ਵੱਧ ਚੜ੍ਹ ਕੇ ਹਿੱਸਾ ਪਾਇਆ ਅਤੇ ਦੂਜੇ ਗੁਰਸਿੱਖ ਸੁਚੇਤ ਸਿੰਘ, ਪਰ ਇਨ੍ਹਾਂ ਦੀ ਨਿਗਾਹ ਵਿੱਚ 'ਰਾਖਸ਼' ਦੀ ਪੱਗ ਲਾਹੁਣ ਵਿੱਚ ਇਹ ਸਭ ਤੋਂ ਮੂਹਰੇ ਸਨ। ਉਪਰੰਤ ਜੋ ਹਾਲਤ ਇਨ੍ਹੀ ਉਸ ਦੀ ਕੀਤੀ ਇਹ ਤਾਂ ਉਸੇ ਦੇ ਹੀ ਹੱਡ ਪੁੱਛੇ ਜਾਣਦੇ ਹਨ ਪਰ ਸਦਕੇ ਇਨ੍ਹਾਂ ਦੀ ਬਹਾਦਰੀ ਦੇ। ਸੁਣਿਆਂ ਸੀ ਸਿੰਘ ਬੇਹਥਿਆਰੇ ਉਪਰ ਹੱਥ ਨਹੀ ਸਨ ਚੁੱਕਦੇ ਪਰ ਇਹ ਹੱਥ ਹੀ ਨਹੀ ਚੁੱਕਦੇ ਸਗੋਂ ਪੰਜ ਸੱਤ ਇੱਕਠੇ ਹੀ ਉਪਰ ਚੜ੍ਹ ਬਹਿੰਦੇ ਹਨ ਤਾਂ ਕਿ ਲੋਕ ਇਨ੍ਹਾਂ ਸੂਰਬੀਰਾਂ ਦੀਆਂ ਵਾਰਾਂ ਗਾਉਂਣੀਆਂ ਨਾ ਭੁੱਲਣ। ਉਂਝ ਇਨ੍ਹਾਂ ਨੂੰ ਛੈਣੇ ਫੜੀ, ਅੱਖਾਂ ਮੀਚੀ ਸਿਮਰਨ ਕਰਦਿਆਂ ਦੇਖਿਆ ਹੀ ਬਣਦਾ ਹੈ। ਧੰਨ ਹਨ, ਧੰਨ ਹਨ!!

#18-ਸੈੱਲ ਫੋਨ ਤੇ ਫਟੋਆਂ ਲੈ ਰਹੇ ਭਾਈ ਸਾਹਬ ਬਿੰਦਰ ਸਿੰਘ ਹਨ ਜਿਹੜੇ ਇਸ ਸਾਰੀ ਕਾਰਵਾਈ ਵਿੱਚ ਸ਼ਾਮਲ ਰਹੇ ਹਨ। ਇਹ ਕੁਝ ਦਿਨ ਪਹਿਲਾਂ ਗੁਰਦੁਆਰਾ ਸਿੱਖ ਲਹਿਰ ਵਿਖੇ ਲਗਾਤਾਰ ਆਉਂਦੇ ਵੇਖੇ ਗਏ ਸਨ ਤੇ ਗਿਆਨ ਦੀਆਂ ਸਾਰੀਆਂ ਪੰਡਾਂ ਉਥੇ ਬੈਠਿਆਂ ਵਿੱਚ ਹੌਲੀਆਂ ਕਰਕੇ ਜਾਂਦੇ ਰਹੇ ਸਨ। ਇਨ੍ਹਾਂ ਮੁਤਾਬਕ ਇਨ੍ਹਾਂ ਦੀ ਧਰਮ ਵਿੱਚ ਕੋਈ ਰੁਚੀ ਨਹੀ ਸਿੱਖ ਧਰਮ ਵਿੱਚ ਵੀ ਗੰਦ ਪੈ ਚੁੱਕਿਆ ਹੈ। ਪਰ ਇਨ੍ਹਾਂ ਦੇ 'ਧਰਮਯੁਧ' ਵਿੱਚ ਸ਼ਾਮਲ ਹੋਣ ਤੋਂ ਬਾਅਦ ਪਤਾ ਲੱਗਾ ਕਿ ਦਰਅਸਲ ਇਹ ਪਹਿਲਾਂ ਕਦੇ ਨਾ ਦੇਖੇ ਗਏ 'ਖਾਲਸਾ ਜੀ' ਗਿਆਨ ਦੀ ਹਨੇਰੀ ਲੈ ਕੇ ਕਿਧਰੋਂ ਆਣ ਝੁੱਲੇ। ਇਸ ਸਾਰੀ ਕਹਾਣੀ ਤੋਂ ਜਾਪਦਾ ਹੈ ਕਿ ਇਹ 'ਫੌਜਾਂ' ਪਹਿਲਾਂ ਹੀ ਤਿਆਰੀ ਵਿੱਚ ਸਨ ਤੇ ਹਮਲੇ ਤੋਂ ਪਹਿਲਾਂ ਉਥੇ ਦੇ ਹਲਾਤ ਜਾਨਣ ਲਈ ਅਜਿਹੇ 'ਗਿਆਨੀ ਜਸੂਸ' ਭੇਜਣੇ ਸੁਰੂ ਕਰ ਦਿੱਤੇ ਹੋਏ ਸਨ ਬਿੱਲਕੁਲ ਉਵੇਂ ਜਿਵੇਂ ਕੁਝ ਚਿਰ ਪਹਿਲਾਂ ਇਨ੍ਹਾ ਅਪਣੀਆਂ ਬੀਬੀਆਂ ਭੇਜੀਆਂ ਸਨ। ਇਨ੍ਹਾਂ ਦੇ ਨਾਲ ਖੜੇ ਹਨ ਪਹਿਲਾਂ ਦਿੱਤੀ ਜਾ ਚੁੱਕੀ ਫੋਟੋ ਵਾਲੇ ਭਾਈ ਜਸਦੇਵ ਸਿੰਘ ਜਿਹੜੇ ਅੰਦਰ ਤੱਕ ਇੱਕ ਬੰਦੇ ਦੀ ਪੁੜਪੁੜੀ ਪਾੜ ਕੇ ਆਏ ਸਨ!!

